BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੀ ਸੀਨੀਅਰ ਸਲਾਹਕਾਰ ਦਾ ਐਲਾਨ ਕੀਤਾ

ਬ੍ਰੈਂਪਟਨ, ਓਨਟੈਰੀਓ (19 ਜੂਨ, 2020) – ਅੱਜ, ਗਵਿਨੇਥ ਚੈਪਮੈਨ (Gwyneth Chapman) ਨੂੰ, ਸਿਟੀ ਆਫ ਬ੍ਰੈਂਪਟਨ ਦੀ ਹਾਲ ਵਿੱਚ ਹੀ ਐਲਾਨੀ ਗਈ, ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੀ ਸੀਨੀਅਰ ਸਲਾਹਕਾਰ (ਸੀਨੀਅਰ ਐਡਵਾਈਜਰ) ਦੇ ਤੌਰ ਤੇ ਨਿਯੁਕਤ ਕੀਤਾ ਗਿਆ। ਇਸ ਇਕਾਈ ਨੂੰ 10 ਜੂਨ, 2020 ਨੂੰ ਸਿਟੀ ਕਾਊਂਸਿਲ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ।

ਚੀਫ ਐਡਮਿਨਿਸਟ੍ਰੇਟਿਵ ਅਫਸਰ ਦੇ ਦਫ਼ਤਰ (Office of the Chief Administrative Officer) ਨੂੰ ਰਿਪੋਰਟ ਕਰਦੇ ਹੋਏ, ਮਿਸ ਚੈਪਮੈਨ ਇਕਾਈ ਦੀ ਸਥਾਪਨਾ ਵਿੱਚ ਸਹਿਯੋਗ ਕਰਨਗੇ ਅਤੇ ਇਸ ਵਿੱਚ ਮੁੱਖ ਭੂਮਿਕਾ ਨਿਭਾਉਣਗੇ। ਉਹ ਬ੍ਰੈਂਪਟਨ ਵਿੱਚ ਪ੍ਰਣਾਲੀਗਤ ਐਂਟੀ-ਬਲੈਕ ਨਸਲਵਾਦ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕਾਰਜ ਯੋਜਨਾ ਵੀ ਵਿਕਸਿਤ ਕਰਨਗੇ। ਬ੍ਰੈਂਪਟਨ ਦੇ ਲੋਕਲ ਭਾਈਚਾਰਕ ਸਟੇਕਹੋਲਡਰਾਂ ਵੱਲੋਂ ਨਿਰਦੇਸ਼ਿਤ, ਇਸ ਇਕਾਈ ਦਾ ਕੰਮ, ਬ੍ਰੈਂਪਟਨ ਦੇ ਬਲੈਕ ਭਾਈਚਾਰੇ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਥਿਤੀ ਨੂੰ ਉੱਚਾ ਚੁੱਕਣ ਤੇ ਕੇਂਦਰਿਤ ਹੋਵੇਗਾ।

ਭਾਈਚਾਰਕ ਸ਼ਮੂਲੀਅਤ, ਹਿਮਾਇਤ (ਐਡਵੋਕੇਸੀ) ਅਤੇ ਸੰਚਾਰ ਵਿੱਚ ਵਿਆਪਕ ਪਿਛੋਕੜ ਦੇ ਨਾਲ, ਮਿਸ ਚੈਪਮੈਨ ਦਾ ਅਨੁਭਵ, ਸਟਾਫ਼ ਅਤੇ ਲੋਕਲ ਕਾਰੋਬਾਰੀਆਂ ਅਤੇ ਸਟੇਕਹੋਲਡਰਾਂ ਦੇ ਨਾਲ ਮੁੱਖ ਸੰਪਰਕ ਅਧਿਕਾਰੀ ਦੇ ਤੌਰ ਤੇ ਕੰਮ ਕਰਦੇ ਹੋਏ, ਸਿਟੀ ਅਤੇ ਭਾਈਚਾਰੇ ਲਈ ਲਾਭਕਾਰੀ ਹੋਵੇਗਾ। ਬਿਲਕੁੱਲ ਹਾਲ ਵਿੱਚ ਹੀ, ਮਿਸ ਚੈਪਮੈਨ ਨੇ ਕੈਨੇਡਿਅਨ ਬਲੈਕ ਕੋਕਸ (Canadian Black Caucus), ਇਸਪਾਇਰਿੰਗ ਐਂਡ ਐਮਪਾਵਰਿੰਗ ਯੂਥ ਨੈੱਟਵਰਕ (Inspiring and Empowering Youth Network) ਅਤੇ ਇਸਪਾਇਰਿੰਗ ਯੂ ਮੀਡੀਆ ਪ੍ਰੋਡਕਸ਼ਨਸ (Inspiring You Media Productions) ਦੀ ਪ੍ਰੈਜੀਡੈਂਟ ਦੇ ਤੌਰ ਤੇ ਕੰਮ ਕੀਤਾ ਹੈ। ਦਇਆਵਾਨ ਭਾਈਚਾਰਕ ਲੀਡਰ, ਮਿਸ ਚੈਪਮੈਨ ਨੇ, ਬਲੈਕ ਭਾਈਚਾਰੇ ਨੂੰ ਉਜਾਗਰ ਕਰਨ ਵਾਲੇ, ਸ਼ਕਤੀਕਰਨ ਸਬੰਧੀ ਚੰਗੀ ਕਿਸਮ ਦੇ ਪ੍ਰੋਗਰਾਮਾਂ ਦਾ ਨਿਰਮਾਣ ਕਰਦੇ ਹੋਏ, ਸੀ.ਟੀ.ਵੀ. (CTV) ਅਤੇ ਸਿਟੀ ਟੀ.ਵੀ. (CityTV) ਸਮੇਤ, ਟੈਲੀਵਿਜਨ ਵਿੱਚ ਵੀ ਬਹੁਤ ਸਾਰਾ ਕੰਮ ਕੀਤਾ ਹੈ।

ਮਿਸ ਚੈਪਮੈਨ ਦਾ, ਟੋਰੋਂਟੋ ਦੇ ਅਫਰੀਕੀ ਕੈਨੇਡਿਅਨ (African Canadian) ਭਾਈਚਾਰੇ ਲਈ ਇੱਕ ਮੈਂਟਰ ਅਤੇ ਭਾਈਚਾਰਕ ਸੰਪਰਕ ਅਧਿਕਾਰੀ, ਦੋਵਾਂ ਦੇ ਤੌਰ ਤੇ ਕੰਮ ਕਰਦੇ ਹੋਏ, ਨੌਜਵਾਨਾਂ ਨਾਲ ਕੰਮ ਦਾ ਲੰਮਾ ਇਤਿਹਾਸ ਹੈ। ਮਿਸ ਚੈਪਮੈਨ ਨੂੰ ਭਾਈਚਾਰੇ ਵਿੱਚ ਉਹਨਾਂ ਦੇ ਯੋਗਦਾਨ ਲਈ, 100 ਅਕੰਪਲਿਸ਼ਡ ਬਲੈਕ ਕੈਨੇਡਿਅਨ ਵੂਮੈਨ ਅਵਾਰਡ (100 Accomplished Black Canadian Women Award), ਬਲੈਕ ਬਿਜਨੇਸ ਐਂਡ ਪ੍ਰੋਫੈਸ਼ਨਲ ਐਸੋਸੀਏਸ਼ਨ (Black Business and Professional Association) ਦਾ ਵੂਮੈਨ ਆਫ ਔਨਰ ਅਵਾਰਡ (Women of Honour Award) ਦਿੱਤਾ ਗਿਆ ਸੀ। 2008 ਵਿੱਚ ਉਹਨਾਂ ਨੂੰ, ਭਾਈਚਾਰਕ ਸੇਵਾ ਅਤੇ ਮੀਡੀਆ ਦੇ ਖੇਤਰ ਵਿੱਚ ਹੈਰੀ ਜੇਰੋਮੀ ਅਵਾਰਡ (Harry Jerome Award) ਵਾਸਤੇ, ਉਹਨਾਂ ਦੇ ਸਾਥੀਆਂ ਵੱਲੋਂ ਨਾਮਾਂਕਿਤ ਕੀਤਾ ਗਿਆ ਸੀ। 2013 ਵਿੱਚ, ਮਿਸ ਚੈਪਮੈਨ ਨੂੰ ਭਾਈਚਾਰਕ ਸੇਵਾ ਲਈ, ਕਵੀਨ ਐਲਿਜਾਬੇਥ ਸੈਕੰਡ ਡਾਇਮੰਡ ਜੁਬਲੀ ਮੈਡਲ (Queen Elizabeth II Diamond Jubilee Medal) ਮਿਲਿਆ ਸੀ।

ਸਿਟੀ ਵੱਲੋਂ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਵਿਕਸਿਤ ਕਰਨ ਬਾਰੇ ਹੋਰ ਜਾਣਨ ਲਈ ਜਾਂ ਇਸ ਵਿੱਚ ਸ਼ਾਮਲ ਹੋਣ ਵਾਸਤੇ ਆਪਣੀ ਦਿਲਚਸਪੀ ਪ੍ਰਗਟ ਕਰਨ ਲਈ, ਕਿਰਪਾ ਕਰਕੇ ਸਿਟੀ ਨੂੰ

AntiBlackRacismUnit@brampton.ca ਤੇ ਸੰਪਰਕ ਕਰੋ। ਇਸ ਮਹੱਤਵਪੂਰਨ ਪ੍ਰੋਜੈਕਟ ਦੀ ਨਿਗਰਾਨੀ, ਚੀਫ ਐਡਮਿਨਿਸਟ੍ਰੇਟਿਵ ਅਫਸਰ ਦੇ ਦਫ਼ਤਰ ਦੁਆਰਾ ਮੇਅਰ, ਕਾਉਂਸਲਰਾਂ ਅਤੇ ਭਾਈਚਾਰਕ ਸਟੇਕਹੋਲਡਰਾਂ ਦੇ ਸਹਿਯੋਗ ਨਾਲ ਕੀਤੀ ਜਾਏਗੀ।

ਭਾਈਚਾਰੇ ਲਈ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਅਤੇ ਆਪਣੀ ਰਾਏ ਸਾਂਝਾ ਕਰਨ ਦੇ ਮੌਕਿਆਂ ਨੂੰ, ਆਉਣ ਵਾਲੇ ਸਮੇਂ ਵਿੱਚ ਜਨਤਕ ਤੌਰ ਤੇ ਸਾਂਝਾ ਕੀਤਾ ਜਾਵੇਗਾ।

**ਹਵਾਲੇ**

"ਅਸੀਂ ਇਤਿਹਾਸ ਵਿੱਚ ਇੱਕ ਮਹੱਤਵਪੂਰਣ ਸਮੇਂ ਦਾ ਅਨੁਭਵ ਕਰ ਰਹੇ ਹਾਂ, ਜਿੱਥੇ ਅਸੀਂ ਦੇਖਦੇ ਹਾਂ ਕਿ ਪ੍ਰਣਾਲੀਗਤ ਐਂਟੀ-ਬਲੈਕ ਨਸਲਵਾਦ ਦਾ, ਸਮੂਹਿਕ ਤੌਰ ਤੇ ਮੁਕਾਬਲਾ ਕਰਨ ਲਈ ਸਾਡੇ ਭਾਈਚਾਰੇ ਇਕੱਠੇ ਹੋ ਰਹੇ ਹਨ। ਜਨਤਕ ਅਹੁਦੇਦਾਰਾਂ ਦੇ ਤੌਰ ਤੇ, ਅਸੀਂ ਸਮਝਦੇ ਹਾਂ ਕਿ ਸਾਡੇ ਲਈ ਅਰਥਪੂਰਣ ਕਾਰਵਾਈ ਕਰਨਾ ਲਾਜ਼ਮੀ ਹੈ, ਜਿਸ ਨਾਲ ਅਸਲੀ ਤਬਦੀਲੀ ਆਵੇ। ਅਸੀਂ ਸਾਡੇ ਸ਼ਹਿਰ ਦੇ ਅੰਦਰ ਅਸਲੀ ਬਰਾਬਰੀ ਪੈਦਾ ਕਰਨਾ ਜਾਰੀ ਰੱਖਣ ਲਈ, ਮਿਸ ਚੈਪਮੈਨ ਨਾਲ ਅਤੇ ਬ੍ਰੈਂਪਟਨ ਦੀ ਸਭ ਤੋਂ ਪਹਿਲੀ ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ ਦੇ ਨਾਲ ਕੰਮ ਕਰਨ ਲਈ ਉਤਸ਼ਾਹਿਤ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇੱਕ ਸ਼ਹਿਰ ਦੇ ਤੌਰ ਤੇ, ਅਸੀਂ ਜਾਣਦੇ ਹਾਂ ਕਿ ਇਹ ਯਕੀਨੀ ਬਣਾਉਣਾ, ਸਾਡੇ ਲਈ ਵੱਡੀ ਜ਼ਿੰਮੇਵਾਰੀ ਹੈ ਕਿ ਸਾਡਾ ਕੰਮ, ਬ੍ਰੈਂਪਟਨ ਦੇ ਵੰਨ-ਸੁਵੰਨੇ ਭਾਈਚਾਰੇ ਦੀ ਹਿਮਾਇਤ ਕਰਦਾ ਹੈ ਅਤੇ ਉਸਨੂੰ ਦਰਸਾਉਂਦਾ ਹੈ। ਮਿਸ ਚੈਪਮੈਨ, ਸ਼ਮੂਲੀਅਤ ਵਾਲਾ, ਦਇਆਵਾਨ ਅਤੇ ਨਿਰਪੱਖ ਸੱਭਿਆਚਾਰ ਅਤੇ ਭਾਈਚਾਰਾ ਬਣਾਉਣ ਵਿੱਚ ਮਦਦ ਕਰਦੇ ਹੋਏ, ਪ੍ਰਣਾਲੀਗਤ ਐਂਟੀ-ਬਲੈਕ ਨਸਲਵਾਦ ਦੇ ਵਿਰੁੱਧ ਸਾਡੀ ਕਾਰਜ ਯੋਜਨਾ ਦੀ ਰਚਨਾ ਦੀ ਅਗਵਾਈ ਵਿੱਚ, ਬਹੁਮੁੱਲੀ ਭੂਮਿਕਾ ਨਿਭਾਉਣਗੇ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਮੈਨੂੰ ਸਿਟੀ ਆਫ ਬ੍ਰੈਂਪਟਨ ਨਾਲ ਜੁੜਨ ਦੀ ਬੇਹੱਦ ਖੁਸ਼ੀ ਹੈ, ਜੋ ਭਾਈਚਾਰੇ ਵਿੱਚ ਨਸਲਵਾਦ ਤੇ ਧਿਆਨ ਦੇਣ ਲਈ ਕਿਰਿਆਸ਼ੀਲ ਦ੍ਰਿਸ਼ਟੀਕੋਣ ਅਪਨਾ ਰਹੀ ਹੈ। ਮੈਂ ਸਿਟੀ ਦੇ ਕਰਮਚਾਰੀਆਂ, ਕਾਉਂਸਿਲ ਅਤੇ ਲੋਕਲ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਦੇ ਇਸ ਲੀਡਰਸ਼ਿਪ ਮੌਕੇ ਲਈ ਅਤੇ ਬ੍ਰੈਂਪਟਨ ਵਿੱਚ ਨਸਲਵਾਦ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦੇਣ ਅਤੇ ਇਸਨੂੰ ਜੜ੍ਹੋਂ ਖਤਮ ਕਰਨ ਵਿੱਚ ਸਹਿਯੋਗ ਕਰਨ ਵਿੱਚ ਆਪਣੇ ਅਨੁਭਵ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਹਾਂ। ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਆਪਣੇਪਨ ਦੀ ਭਾਵਨਾ ਪੈਦਾ ਕਰੀਏ। ਸਾਡੇ ਲਈ  ਸਾਡੇ ਨਾਗਰਿਕਾਂ ਦੀ ਪੂਰੀ ਸਮਰੱਥਾ ਦਾ ਲਾਭ ਲੈਣਾ ਜ਼ਰੂਰੀ ਹੈ ਅਤੇ ਉਹਨਾਂ ਦੀ ਇਸ ਇੱਛਾ ਨੂੰ ਮਾਨਤਾ ਦੇਣਾ ਲਾਜ਼ਮੀ ਹੈ ਕਿ ਉਹਨਾਂ ਨੂੰ ਅਰਥਪੂਰਣ ਤਬਦੀਲੀ ਵਿੱਚ ਯੋਗਦਾਨ ਦੇਣ ਅਤੇ ਸ਼ਹਿਰ ਦੇ ਤੀਬਰ ਆਰਥਿਕ ਵਾਧੇ ਵਿੱਚ ਯੋਗਦਾਨ ਦੇਣ ਦੇ ਮੌਕੇ ਮਿਲਣ। ਲੰਮੇ ਸਮੇਂ ਤੋਂ, ਜਿਹਨਾਂ ਪ੍ਰਤਿਭਾਵਾਨ, ਨਵਾਂ ਸੋਚਣ ਵਾਲੇ ਅਤੇ ਮਿਹਨਤੀ ਬਲੈਕ ਕੈਨੇਡਾ ਵਾਸੀਆਂ ਕੋਲ ਪੇਸ਼ ਕਰਨ ਲਈ ਬਹੁਤ ਕੁਝ ਸੀ, ਉਹਨਾਂ ਨੂੰ ਸਿਰਫ਼ ਉਹਨਾਂ ਦੇ ਰੰਗ ਦੇ ਕਾਰਨ, ਨਜ਼ਰਅੰਦਾਜ ਕੀਤਾ ਗਿਆ ਅਤੇ ਬਾਹਰ ਰੱਖਿਆ ਗਿਆ। ਹੁਣ ਇਸਨੂੰ ਰੋਕਣਾ ਪਵੇਗਾ! ਸ਼ਾਨਦਾਰ ਸ਼ਹਿਰ ਬਣਨ ਲਈ, ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਸਾਰੇ ਨਾਗਰਿਕਾਂ ਦੇ ਸ਼ਕਤੀਕਰਨ ਲਈ ਵਚਨਬੱਧ ਹੋਈਏ। ਹੁਣ, ਅਸੀਂ ਕਿਸੇ ਵੀ ਸਮੂਹਾਂ ਨੂੰ ਨਜ਼ਰਅੰਦਾਜ ਨਹੀਂ ਕਰਾਂਗੇ।"

*- ਗਵਿਨੇਥ ਚੈਪਮੈਨ (Gwyneth Chapman), ਸੀਨੀਅਰ ਐਡਵਾਈਜਰ, ਇਕੋਨੋਮਿਕ ਐਮਪਾਵਰਮੈਂਟ ਐਂਡ ਐਂਟੀ-ਬਲੈਕ ਰੇਸਿਜਮ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca